بِسْمِ اللّٰهِ الرَّحْمٰنِ الرَّحِيْمِ نَحْمَدُهٗ وَنُصَلِّيْ عَلٰى رَسُوْلِهِ الْكَرِيْمِ وَعَلٰى عَبْدِهِ الْمَسِيْحِ الْمَوْعُوْدِ

لَا اِلٰهَ اِلَّا اللّٰهُ مُحَمَّدٌ رَّسُوْلُ اللّٰهِ

دفتر مجلس انصار اللہ بھارت

Office Of The Majlis Ansarullah Bharat

Mohallah Ahmadiyya Qadian-143516, Distt Gurdaspur (Punjab) INDIA

Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ

# ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਦੇ ਖ਼ਲੀਫ਼ਾ ਰਾਸ਼ਿਦ ਸੱਯਦਨਾ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੇ ਸੱਦਗੁਣਾਂ ਦਾ ਜ਼ਿਕਰ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਿਮਦ ਖਲੀਫਾਤੁਲ ਮਸੀਹ ਅਲ-ਖਾਮਿਸ ਅੱਯਾਦਾਹੁ ਅੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 09 ਦਸੰਬਰ 2022 ਮਸਜਿਦ ਮੁਬਾਰਕ, ਇਸਲਾਮਾਬਾਦ, ਤਿਲਫ਼ੋਰਡ (ਯੂ.ਕੇ)**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۔ بِسْمِ اللّٰهِ الرَّحْمٰنِ الرَّحِيْمِ ۔ اَلْحَمْدُ لِلّٰهِ رَبِّ الْعٰلَمِيْنَ ۔ الرَّحْمٰنِ الرَّحِيْمِ ۔ مٰلِكِ يَوْمِ الدِّيْنِ ۔ إِيَّاكَ نَعْبُدُ وَإِيَّاكَ نَسْتَعِيْنُ ۔ اِهْدِنَا الصِّرَاطَ الْمُسْتَقِيْمَ ۔ صِرَاطَ الَّذِيْنَ أَنْعَمْتَ عَلَيْهِمْ ۔ غَيْرِ الْمَغْضُوْبِ عَلَيْهِمْ وَلَا الضَّآلِّيْنَ ۔

ਤਸ਼ਹੁਦ, ਤਾਉਜ਼ ਅਤੇ ਸੂਰਤੁਲ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ:

ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੇ ਸੱਦਗੁਣ ਬਿਆਨ ਹੋ ਰਹੇ ਸਨ। ਪਿੱਛਲੇ ਖ਼ੁਤਬੇ ਜੁਮ੍ਹਾ'ਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਕੁੱਝ ਹਵਾਲੇ, ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਬਾਰੇ ਪੇਸ਼ ਕੀਤੇ ਸਨ। ਇਸ ਬਾਰੇ'ਚ ਆਪ ਦੇ ਕੁੱਝ ਹੋਰ ਹਵਾਲੇ ਪੇਸ਼ ਹਨ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਬੇਸ਼ੱਕ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਅਤੇ ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੋ ਉਸ ਜੱਥੇ ਦੇ ਅਮੀਰ ਸਨ। ਜਿਸ ਨੇ ਰੱਬ ਲਈ ਉੱਚੀਆਂ ਚੋਟੀਆਂ ਪਾਰ ਕੀਤੀਆਂ ਅਤੇ ਉਨ੍ਹਾਂ ਨੇ ਟੀਲ੍ਹੇ ਟਿੱਬੇ ਵਾਲੀਆਂ ਨੂੰ ਹੱਕ ਦਾ ਸੱਦਾ ਦਿੱਤਾ। ਇੱਥੇ ਤੱਕ ਕਿ ਉਨ੍ਹਾਂ ਦਾ ਇਹ ਸੱਦਾ ਦੂਰ ਦਰਾਡੇ ਫ਼ੈਲ੍ਹ ਗਿਆ ਅਤੇ ਉਨ੍ਹਾਂ ਦੋਵਾਂ ਦੀ ਖ਼ਿਲਾਫ਼ਤ'ਚ ਇਸਲਾਮ ਨੂੰ ਬਥੇਰੇ ਫ਼ਲ੍ਹ ਪ੍ਰਾਪਤ ਹੋਏ ਅਤੇ ਕਈ ਪ੍ਰਕਾਰ ਦੀਆਂ ਕਾਮਯਾਬੀਆਂ ਅਤੇ ਜਿੱਤਾਂ ਨਾਲ ਸੰਪੂਰਨ ਖ਼ੁਸ਼ਬੂ ਨਾਲ ਸੁਗੰਧਿਤ ਕੀਤੇ ਗਏ ਅਤੇ ਇਸਲਾਮ, ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੇ ਜ਼ਮਾਨੇ'ਚ ਵੱਖੋ-ਵੱਖ ਫ਼ਸਾਦਾਂ ਦੀ ਅੱਗ ਨਾਲ ਗ੍ਰਸਤ ਸੀ। ਕਰੀਬ ਸੀ ਕਿ ਖ਼ੁਲ੍ਹੀ ਖ਼ੁਲ੍ਹੀ ਸ਼ਰਾਰਤਾਂ ਉਸ ਦੀ ਜਮਾਅਤ'ਤੇ ਹਮਲਾ ਕਰਨ ਅਤੇ ਉਸ ਨੂੰ ਲੁੱਟ ਲੈਣ'ਤੇ ਜਿੱਤ ਦੇ ਨਾਅਰੇ ਲਾਉਣ। ਸੋ ਉਸੇ ਸਮੇਂ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੇ ਸਿਦਕ ਸਦਕੇ ਰੱਬ ਇਸਲਾਮ ਦੀ ਮਦਦ ਲਈ ਆ ਗਿਆ ਅਤੇ ਡੂੰਗੇ ਖ਼ੂਹ ਤੋਂ ਉਸ ਦਾ ਸੂਰਜ ਕੱਢਿਆ। ਸੋ ਇਸਲਾਮ ਬਦਹਾਲੀ ਦੇ ਅੰਤ ਤੋਂ ਸੁਧਾਰ ਵੱਲ੍ਹ ਲੋਟ ਆਇਆ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਇਹ ਹਕੀਕਤ ਹੈ ਕਿ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੇ ਸੱਦਗੁਣ ਸੂਰਜ ਵਾਂਗ ਰੌਸ਼ਨ ਹਨ ਅਤੇ ਜਿਸ ਨੇ ਖ਼ੰਡਨ ਕੀਤਾ। ਉਸ ਨੇ ਝੂੱਠ ਬੋਲਿਆ ਅਤੇ ਤਬਾਹੀ ਅਤੇ ਸ਼ੈਤਾਨ ਨਾਲ ਜਾ ਰਲ੍ਹਿਆ। ਜਿਨ੍ਹਾਂ ਉੱਤੇ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦਾ ਮੁਕਾਮ ਨ ਖ਼ੁਲ੍ਹਿਆ। ਅਜੀਹੇ ਲੋਕ ਜਾਣ ਬੂਝ ਕੇ ਦੋਸ਼ੀ ਹਨ ਅਤੇ ਉਨ੍ਹਾਂ ਨੇ ਵਾਧੂ ਪਾਈ ਨੂੰ ਘੱਟ ਪਛਾਇਆ ਅਤੇ ਅਜੀਹੇ ਬੰਦੇ ਦੀ ਬੇਇੱਜ਼ਤੀ ਕੀਤੀ। ਜੋ ਪਹਿਲੇ ਦਰਜੇ ਦਾ ਸਤਿਕਾਰੀਆ ਸੀ। ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਤੋਂ ਮੋਮਿਨਾਂ ਲਈ ਸਦਾ ਭਲਾਈ ਹੀ ਨਿਕਲੀ। ਉਹ ਬੰਦਾ ਜਿਸ ਨੇ ਸੰਸਾਰ ਤੋਂ ਕੇਵਲ ਇਨ੍ਹਾਂ ਹੀ ਭਾਗ ਲਿਆ।

ਜਿਨ੍ਹਾਂ ਉਸ ਦੀ ਲੋੜ੍ਹਾਂ ਲਈ ਲੋੜ੍ਹਵੰਧ ਸੀ । ਫ਼ਿਰ ਕਿਵੇਂ ਖ਼ਿਆਲ ਕੀਤਾ ਜਾ ਸਕਦਾ ਹੈ ਕਿ ਉਸ ਨੇ ਰਸੂਲੁੱਲਾਹ ਸੱਲਲਾਹ ਅਲੈਹਿ ਵਸਲੱਮ ਦੀ ਨਸਲ'ਤੇ ਜ਼ੁਲਮ ਕੀਤਾ ਹੋਵੇਗਾ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਰੱਬ, ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ'ਤੇ ਕਿਰਪਾ ਕਰੇ ਕਿ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਨੇ ਇਸਲਾਮ ਨੂੰ ਜ਼ਿੰਦਾ ਕੀਤਾ ਅਤੇ ਫ਼ਸਾਦੀਆਂ ਨੂੰ ਕਤਲ ਕੀਤਾ ਅਤੇ ਕਯਾਮਤ ਤੱਕ ਲਈ ਆਪਣੀ ਭਲਾਈਆਂ ਦਾ ਫ਼ੈਜ਼ ਜਾਰੀ ਕਰ'ਤਾ । ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਬਹੁਤ ਰੋਣ ਵਾਲੇ ਅਤੇ ਰੱਬ ਵੱਲ੍ਹ ਝੁੱਕਣ ਵਾਲੇ ਸਨ ਅਤੇ ਦੁਆ ਕਰਨ ਵਾਲੇ ਅਤੇ ਰੱਬ ਦੇ ਹਜੂਰ ਡਿੱਗੇ ਰਹਿਣ ਵਾਲੇ । ਉਸ ਦੇ ਦਰ'ਤੇ ਨਿਮਰਤਾ ਅਤੇ ਵਿਨਮ੍ਰਤਾ ਨਾਲ ਝੁੱਕੇ ਰਹਿਣਾ ਅਤੇ ਉਸ ਦੇ ਦਰ ਨੂੰ ਦਰਿੜ੍ਹਤਾ ਨਾਲ ਫ਼ੜ੍ਹਣਾ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੀ ਆਦਤ'ਚੋਂ ਸੀ । ਆਪ ਸਜਦੇ ਦੀ ਹਾਲਤ'ਚ ਦੁਆ'ਚ ਪੂਰਾ ਜ਼ੋਰ ਲਾਉਂਦੇ ਅਤੇ ਤਿਲਾਵਤ ਦੇ ਸਮੇਂ ਰੋਂਦੇ ਸਨ । ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਬੇਸ਼ੱਕ ਇਸਲਾਮ ਅਤੇ ਰਸੂਲਾਂ ਦੇ ਮਾਣ ਸਨ । ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੀ ਹਸਤੀ ਦਾ ਜੌਹਰ, ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਦੀ ਹਸਤੀ ਦੇ ਜੌਹਰ ਦੇ ਨੇੜ੍ਹੇ ਸੀ । ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਨਬੁਵੱਤ ਦੀਆਂ ਸੁਗੰਧਾਂ ਨੂੰ ਕਬੂਲ ਕਰਨ ਲਈ ਤਤਪਰ ਲੋਕਾਂ'ਚੋਂ ਪਹਿਲੇ ਸਨ । ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਉਨ੍ਹਾਂ ਲੋਕਾਂ'ਚੋਂ ਪਹਿਲੇ ਸਨ । ਜਿਨ੍ਹਾਂ ਨੇ ਮੈਲ੍ਹ ਨਾਲ ਭਰੀ ਚਾਦਰਾਂ ਨੂੰ ਪਾਕ ਅਤੇ ਸਾਫ਼ ਪੁਸ਼ਾਕਾਂ ਨਾਲ ਬਦਲ'ਤਾ ਅਤੇ ਨਬੀਆਂ ਦੀਆਂ ਬਥੇਰੀਆਂ ਖ਼ੂਬੀਆਂ'ਚੋਂ ਨਬੀਆਂ ਵਾਂਗ ਸਨ । ਅਸੀਂ ਕੁਰਆਨ ਕਰੀਮ'ਚ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੇ ਜ਼ਿਕਰ ਤੋਂ ਬਿਨ੍ਹਾਂ ਕਿਸੇ ਹੋਰ ਸਹਾਬੀ ਦਾ ਜ਼ਿਕਰ, ਖ਼ਿਆਲ ਤੇ ਗ਼ੁਮਾਨ ਕਰਨ ਵਾਲੀਆਂ ਦੇ ਖ਼ਿਆਲ ਤੋਂ ਬਿਨ੍ਹਾਂ, ਨਹੀਂ ਵੇਖਦੇ ਅਤੇ ਖ਼ਿਆਲ ਉਹ ਚੀਜ਼ ਹੈ । ਜੋ ਹੱਕ ਦੇ ਮੁਕਾਬਲੇ'ਤੇ ਕੋਈ ਹਕੀਕਤ ਨਹੀਂ ਰੱਖਦੀ ਅਤੇ ਨ ਹੀ ਉਹ ਹੱਕ ਦੀ ਭਾਲ ਕਰਨ ਵਾਲੀਆਂ ਨੂੰ ਨਿਹਾਲ ਕਰ ਸਕਦਾ ਹੈ ਅਤੇ ਜਿਸ ਨੇ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਨਾਲ ਦੁਸ਼ਮਨੀ ਕੀਤੀ ਤਾਂ ਅਜੀਹੇ ਮਨੁੱਖ ਅਤੇ ਹੱਕ ਦੇ ਵਿਚਕਾਰ ਇੱਕ ਅਜੀਹਾ ਬੰਦ ਬੂਹਾ ਹੈ । ਜੋ ਸਦੀਕਾਂ ਦੇ ਸਰਦਾਰ ਵੱਲ੍ਹ ਮੁੜ੍ਹਣ'ਤੋਂ ਬਿਨ੍ਹਾਂ ਨਹੀਂ ਖ਼ੁਲ੍ਹਣਾ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੀ ਰੂਹ'ਚ ਸਿਦਕ, ਸੰਜਮਤਾ ਅਤੇ ਆਸਥਾ ਦਾਖ਼ਲ ਸੀ । ਭਾਵੇਂ ਸਾਰਾ ਸੰਸਾਰ ਇਸਲਾਮ'ਤੋਂ ਮੂੰਹ ਮੋੜ੍ਹ ਲੈਂਦਾ । ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਉਨ੍ਹਾਂ ਦੀ ਚਿੰਤਾ ਨਾ ਕਰਦੇ ਅਤੇ ਨ ਪਿੱਛੇ ਹੱਟਦੇ । ਸਗੋਂ ਹਰ ਸਮੇਂ ਆਪਣਾ ਕਦਮ ਅੱਗੇ ਹੀ ਵੱਧਾਉਂਦੇ ਅਤੇ ਇਸੇ ਕਰਕੇ ਰੱਬ ਨੇ ਨਬੀਆਂ ਦੇ ਪਿੱਛੇ ਹੀ ਸਦੀਕਾਂ ਦਾ ਜ਼ਿਕਰ ਰੱਖਿਆ ਹੈ ਅਤੇ ਫ਼ਰਮਾਇਆ ਹੈ ਕਿ فَاُولٰٓئِکَ مَعَ الَّذِیۡنَ اَنۡعَمَ اللّٰہُ عَلَیۡہِمۡ مِّنَ النَّبِیّٖنَ وَالصِّدِّیۡقِیۡنَ وَالشُّہَدَآءِ وَالصّٰلِحِیۡنَ ਅਤੇ ਇਸ ਆਇਤ'ਚ ਸਦੀਕੇ ਅਕਬਰ ਅਤੇ ਆਪ ਦੀ ਦੂਜੀਆਂ'ਤੇ ਵੱਡੀਆਈ ਦੇ ਇਸ਼ਾਰੇ ਹਨ । ਕਿਉਂਕਿ ਨਬੀ ਸੱਲਲਾਹੋ ਅਲੈਹਿ ਵਸਲੱਮ ਨੇ ਸਹਾਬਾ'ਚੋਂ ਆਪ ਤੋਂ ਬਿਨ੍ਹਾਂ ਕਿਸੇ ਹੋਰ ਸਹਾਬੀ ਦਾ ਨਾਂ ਸਦੀਕ ਨਹੀਂ ਰੱਖਿਆ । ਤਾਂ ਕਿ ਉਹ ਆਪ ਦੀ ਪਦਵੀ ਤੇ ਵੱਡਿਆਈ ਨੂੰ ਪ੍ਰਕਟ ਕਰੇ । ਇਸ ਆਇਤ'ਚ ਸਵਾਲ ਕਰਨ ਵਾਲੀਆ ਲਈ ਕਮਾਲ ਦੀ ਪਧਵੀ ਦੀ ਯੋਗਤਾ ਰੱਖਣ ਵਾਲੀਆਂ ਵੱਲ੍ਹ ਬਹੁਤ ਵੱਡਾ ਇਸ਼ਾਰਾ ਹੈ । ਅਤੇ ਜਦੋਂ ਅਸੀਂ ਇਸ ਆਇਤ'ਤੇ ਗੌਰ ਕੀਤਾ । ਤਾਂ ਇਹ ਪ੍ਰਕਟ ਹੋਇਆ ਕਿ ਇਹ ਆਇਤ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੇ ਕਮਾਲਾਂ'ਤੇ ਸਭ ਤੋਂ ਵੱਡੀ ਗਵਾਹ ਹੈ ਅਤੇ ਇਸ'ਚ ਡੂੰਗਾ ਰਾਜ਼ ਹੈ । ਜੋ ਹਰ ਉਸ ਮਨੁੱਖ'ਤੇ ਪ੍ਰਕਟ ਹੁੰਦਾ ਹੈ । ਜੋ ਖੋਜ ਵੱਲ੍ਹ ਝੁੱਕਦਾ ਹੈ । ਸੋ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਉਹ ਹਨ । ਜਿਨ੍ਹਾਂ ਨੂੰ ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲੱਮ ਦੀ ਪਵਿੱਤਰ ਜ਼ੁਬਾਨ'ਤੋਂ ਸਦੀਕ ਦੀ ਉਪਾਧੀ ਮਿਲੀ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਇਬਨੇ ਖ਼ੁਲਦੂਨ ਕਹਿੰਦੇ ਹਨ ਕਿ ਜਦੋਂ ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਦੀ ਬਿਮਾਰੀ ਵੱਧ ਗਈ ਅਤੇ ਆਪ ਸੱਲਲਾਹੋ ਅਲੈਹਿ ਵਸਲੱਮ'ਤੇ ਬੇਹੋਸ਼ੀ ਭਾਰੀ ਹੋ ਗਈ ਅਤੇ ਨਮਾਜ਼ ਦਾ ਸਮਾਂ ਹੋਇਆ। ਤਾਂ ਆਪ ਸੱਲਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਨੂੰ ਕਹਿ ਦਿਓ ਕਿ ਉਹ ਲੋਕਾਂ ਨੂੰ ਨਮਾਜ਼ ਪੜ੍ਹਾਉਣ। ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲੱਮ ਨੇ ਤਿੰਨ ਗੱਲ੍ਹਾਂ ਦੀ ਨਸੀਹਤ ਕਰਨ ਮਗਰੋਂ ਫ਼ਰਮਾਇਆ ਕਿ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੇ ਬੂਹੇ ਤੋਂ ਬਿਨ੍ਹਾਂ ਮਸਜਿਦ ਦੇ ਸਾਰੇ ਬੂਹੇ ਬੰਦ ਕਰ ਦਿਓ। ਕਿਉਂਕਿ ਮੈਂ ਸਾਰੇ ਸਹਾਬਾ'ਚੋਂ ਮਿਹਰਬਾਨੀ'ਚ ਕਿਸੇ ਨੂੰ ਵੀ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਤੋਂ ਵੱਧ ਨਹੀਂ ਜਾਣਦਾ। ਫ਼ਿਰ ਇਬਨੇ ਖ਼ੁਲਦੂਨ ਕਹਿੰਦੇ ਹਨ ਕਿ ਰੱਬ ਦੀ ਸੂਖ਼ਮ ਕਿਰਪਾ'ਚੋਂ ਜੋ ਉਸ ਨੇ ਆਪ ਰਜ਼ੀ ਅੱਲਾਹ ਅੰਨਹੋ'ਤੇ ਕੀਤੀ ਅਤੇ ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲੱਮ ਨਾਲ ਕਮਾਲ ਨਿਕਟਤਾ ਦੀ ਜੋ ਖ਼ੂਬੀ ਆਪ ਰਜ਼ੀ ਅੱਲਾਹ ਅੰਨਹੋ ਨੂੰ ਪ੍ਰਾਪਤ ਸੀ। ਉਹ ਇਹ ਸੀ ਕਿ ਆਪ ਰਜ਼ੀ ਅੱਲਾਹ ਅੰਨਹੋ ਉਸੇ ਮੰਜੇ'ਤੇ ਚੁੱਕੇ ਗਏ। ਜਿਸ'ਤੇ ਹਜ਼ਰਤ ਮੁੰਹਮਦ ਸੱਲਲਾਹੋ ਅਲੈਹਿ ਵਸਲੱਮ ਚੁੱਕੇ ਗਏ ਅਤੇ ਆਪ ਰਜ਼ੀ ਅੱਲਾਹ ਅੰਨਹੋ ਦੀ ਕਬਰ ਨੂੰ ਵੀ ਨਬੀ ਕਰੀਮ ਸੱਲਲਾਹੋ ਅਲੈਹਿ ਵਸਲੱਮ ਦੀ ਕਬਰ ਵਾਂਗ ਬਣਾਇਆ ਗਿਆ ਅਤੇ ਸਹਾਬਾ ਨੇ ਆਪ ਰਜ਼ੀ ਅੱਲਾਹ ਅੰਨਹੋ ਦੀ ਕਬਰ ਨੂੰ ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲੱਮ ਦੀ ਕਬਰ ਦੇ ਬਿਲਕੁੱਲ ਨੇੜ੍ਹੇ ਬਣਾਇਆ। ਆਪ ਰਜ਼ੀ ਅੱਲਾਹ ਅੰਨਹੋ ਨੇ ਜੋ ਅੰਤਿਮ ਕਲਮਾ ਕਿਹਾ। ਉਹ ਇਹ ਸੀ ਕਿ ਹੇ ਰੱਬਾ! ਮੈਨੂੰ ਮੁਸਲਿਮ ਹੋਣ ਦੀ ਹਾਲਤ'ਚ ਮੌਤ ਦੇ ਅਤੇ ਮੈਨੂੰ ਨੇਕਾਂ'ਚ ਸ਼ਾਮਲ ਕਰ। ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਇੱਕ ਰੱਬੀ ਬੰਦਾ ਸੀ। ਜਿਨ੍ਹਾਂ ਨੇ ਹਨ੍ਹੇਰੇ ਮਗਰੋਂ ਇਸਲਾਮ ਦੇ ਚਹਿਰੇ ਨੂੰ ਚਾਨਣ ਬਖ਼ਸ਼ਾ। ਜਿਸ ਨੇ ਇਸਲਾਮ ਨੂੰ ਛੱਡਿਆ। ਉਸ ਨਾਲ ਆਪ ਨੇ ਮੁਕਾਬਲਾ ਕੀਤਾ। ਜਿਸ ਨੇ ਹੱਕ ਦਾ ਖੰਡਨ ਕੀਤਾ। ਆਪ ਨੇ ਉਸ ਨਾਲ ਜੰਗ ਕੀਤੀ ਅਤੇ ਜੋ ਇਸਾਲਮ ਦੇ ਘਰ'ਚ ਦਾਖ਼ਲ ਹੋ ਗਿਆ। ਤਾਂ ਉਸ ਨਾਲ ਨਰਮੀ ਅਤੇ ਪ੍ਰੇਮ ਦਾ ਵਤੀਰਾ ਰੱਖਿਆ। ਆਪ ਨੇ ਇਸਾਲਮ ਦੇ ਪ੍ਰਚਾਰ ਹੇਤੁ ਔਂਕੜ੍ਹਾਂ ਬਰਦਾਸ਼ਤ ਕੀਤੀਆਂ। ਆਪ ਹਰ ਦੁਸ਼ਮਨ ਨਾਲ ਮੁਕਾਬਲਾ ਕਰਨ ਲਈ ਉੱਠ ਖੜ੍ਹੇ ਹੋਏ। ਆਪ ਨੇ ਹਰ ਉਸ ਮਨੁੱਖ ਨੂੰ ਜਿਸ ਨੇ ਨਬੁਵੱਤ ਦਾ ਝੂੱਠਾ ਦਾਅਵਾ ਕੀਤਾ। ਹਲਾਕ ਕਰ'ਤਾ ਅਤੇ ਰੱਬ ਲਈ ਸਾਰੇ ਸੰਬੰਧਾਂ ਨੂੰ ਪਰੇ ਸੁੱਟ'ਤਾ। ਆਪ ਦੀ ਸਾਰੀਆਂ ਖ਼ੁਸ਼ੀਆਂ ਨਬੀ ਕਰੀਮ ਸੱਲਲਾਹੋ ਅਲੈਹਿ ਵਸਲੱਮ ਦੀ ਪੈਰਵੀ'ਚ ਸਨ। ਮੈਂ ਸਦੀਕੇ ਅਕਬਰ ਨੂੰ ਸੱਚੋ ਸੱਚੀ ਸਦੀਕ ਪਾਇਆ ਅਤੇ ਖੋਜ ਦੀ ਰਾਹ ਤੋਂ ਇਹ ਕੰਮ ਮੇਰੇ'ਤੇ ਪ੍ਰਕਟ ਹੋਇਆ। ਜਦੋਂ ਮੈਂ ਆਪ ਰਜ਼ੀ ਅੱਲਾਹ ਅੰਨਹੋ ਨੂੰ ਸਾਰੇ ਇਮਾਮਾਂ ਦਾ ਇਮਾਮ ਅਤੇ ਦੀਨ ਅਤੇ ਉੱਮਤ ਦਾ ਚਿਰਾਗ਼ ਪਾਇਆ। ਤੱਦ ਮੈ ਆਪ ਦੀ ਕਾਠੀ ਨੂੰ ਮਜ਼ਬੂਤੀ ਨਾਲ ਫ਼ੜ੍ਹ ਲਿਆ। ਅਤੇ ਆਪ ਰਜ਼ੀ ਅੱਲਾਹ ਅੰਨਹੋ ਦੀ ਜ਼ਿੰਮੇਦਾਰੀ'ਚ ਪਨਾਹ ਲਈ ਅਤੇ ਨੇਕਾਂ ਨਾਲ ਪ੍ਰੇਮ ਕਰਕੇ ਆਪਣੇ ਰੱਬ ਦੀ ਮਿਹਰ ਪ੍ਰਾਪਤ ਕਰਨ ਦਾ ਉਦੇਸ਼ ਮਿੱਥਿਆ। ਸੋ ਰੱਬ ਨੇ ਮੇਰੇ'ਤੇ ਰਹਿਮ ਕੀਤਾ, ਪਨਾਹ ਦਿੱਤੀ, ਮੇਰੀ ਮਦਦ ਕੀਤੀ ਅਤੇ ਮੈਨੂੰ ਸੀਖ ਦਿੱਤੀ ਤੇ ਸਤਿਕਾਰੀਆਂ'ਚੋਂ ਬਣਾਇਆ ਅਤੇ ਆਪਣੀ ਖ਼ਾਸ ਮਿਹਰ ਨਾਲ ਉਸ ਨੇ ਮੈਨੂੰ ਇਸ ਸਦੀ ਦਾ ਸੁਧਾਰਕ ਅਤੇ ਮਸੀਹ ਮੌਊਦ ਬਣਾਇਆ ਅਤੇ ਮੈਨੂੰ ਮੁਲਹਿਮ ਬਣਾਇਆ। ਮੈਥੋਂ ਗ਼ਮ ਨੂੰ ਦੂਰ ਕੀਤਾ ਅਤੇ ਮੈਨੂੰ ਉਹ ਕੁੱਝ ਦਿੱਤਾ। ਜੋ ਸੰਸਾਰ'ਚ ਕਿਸੇ ਹੋਰ ਨੂੰ ਨਹੀਂ ਦਿੱਤਾ ਅਤੇ ਇਹ ਸਭ ਉਸ ਨਬੀ ਸੱਲਲਾਹੋ ਅਲੈਹਿ ਵਸਲੱਮ ਉੱਮੀ ਅਤੇ ਉਨ੍ਹਾਂ ਨੇੜ੍ਹਲਿਆਂ ਦੇ ਪ੍ਰੇਮ ਰਾਹੀਂ ਪ੍ਰਾਪਤ ਹੋਇਆ ਹੈ। ਹੇ ਰੱਬ! ਤੂੰ ਆਪਣੇ ਸਰਵੋਤਮ ਰਸੂਲ ਤੇ ਆਪਣੇ ਖ਼ਾਤਮੁਲ ਅੰਬੀਆ ਅਤੇ ਸੰਸਾਰ ਦੇ ਸਾਰੇ ਮਨੁੱਖਾਂ'ਚੋਂ ਚੰਗੇ ਹਜ਼ਰਤ ਮੁੰਹਮਦ ਸੱਲਲਾਹੋ ਅਲੈਹਿ ਵਸਲੱਮ'ਤੇ ਦਰੂਦ ਤੇ ਸਲਾਮ ਭੇਜ। ਰੱਬ ਦੀ ਸੌਂਹ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਮੱਕੇ-ਮਦੀਨੇ'ਚ ਵੀ ਅਤੇ ਦੋਵੇਂ ਕਬਰਾਂ'ਚ ਵੀ ਰਸੂਲੁੱਲਾਹ

ਸੱਲਲਾਹੋ ਅਲੈਹਿ ਵਸਲੱਮ ਦੇ ਸਾਥੀ ਹਨ। ਇਸ ਤੋਂ ਮੇਰੀ ਮੁਰਾਦ ਇੱਕ ਤਾਂ ਗ਼ਾਰ ਦੀ ਕਬਰ ਹੈ ਅਤੇ ਦੂਜੀ ਉਹ ਕਬਰ ਹੈ। ਜੋ ਮਦੀਨੇ'ਚ ਆਪ ਸੱਲਲਾਹੋ ਅਲੈਹਿ ਵਸਲੱਮ ਦੀ ਕਬਰ ਦੇ ਨਾਲ ਮਿਲੀ ਹੋਈ ਹੈ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦਾ ਨਮੂਨਾ ਸਦਾ ਆਪਣੇ ਸਾਮ੍ਹਣੇ ਰੱਖੋ। ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਦੇ ਉਸ ਜ਼ਮਾਨੇ'ਤੇ ਗ਼ੌਰ ਕਰੋ ਕਿ ਜਦੋਂ ਦੁਸ਼ਮਨ ਕੁਰੈਸ਼ ਹਰ ਪਾਸਿਓਂ ਸ਼ਰਾਰਤ'ਤੇ ਤੁਲ੍ਹੇ ਅਤੇ ਉਨ੍ਹਾਂ ਨੇ ਆਪ ਸੱਲਲਾਹੋ ਅਲੈਹਿ ਵਸਲੱਮ ਦੇ ਕਤਲ ਦਾ ਇਰਾਦਾ ਕੀਤਾ। ਉਹ ਜ਼ਮਾਨਾ ਵੱਡਾ ਔਕੜ੍ਹਾਂ ਦਾ ਸੀ। ਉਸ ਸਮੇਂ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਨੇ ਜੋ ਦੋਸਤੀ ਦਾ ਹੱਕ ਅਦਾ ਕੀਤਾ। ਉਸ ਦੀ ਮਿਸਾਲ ਸੰਸਾਰ'ਚ ਕਿੱਥੇ ਵੀ ਨਹੀਂ ਮਿਲਦੀ। ਇਹ ਤਾਕਤ ਸਿਦਕ ਤੇ ਈਮਾਨ ਤੋਂ ਬਿਨ੍ਹਾਂ ਕਦੇ ਵੀ ਨਹੀਂ ਆ ਸਕਦੀ। ਅੱਜ ਜਿਨ੍ਹੇ ਵੀ ਤੁਸੀਂ ਬੈਠੇ ਹੋ। ਆਪਣੀ ਆਪਣੀ ਥਾਂ ਸੋਚੋ ਕਿ ਜੇਕਰ ਇਸ ਕਿਸਮ ਦੀ ਕੋਈ ਔਕੜ੍ਹ ਸਾਡੇ'ਤੇ ਆ ਜਾਵੇ। ਤਾਂ ਕਿਨ੍ਹੇ ਹਨ ਜੋ ਸਹਿਯੋਗ ਦੇਣ ਲਈ ਤਿਆਰ ਹੋਣਗੇ। ਮੈਂ ਜਾਣਦਾ ਹਾਂ ਕਿ ਇਹ ਗੱਲ੍ਹ ਸੁਣ ਕੇ ਕੁੱਝ ਲੋਕਾਂ ਦੇ ਹੱਥ ਪੈਰ੍ਹ ਸੁੰਨ ਹੋ ਜਾਣਗੇ। ਉਨ੍ਹਾਂ ਨੂੰ ਉਸੇ ਸਮੇਂ ਆਪਣੀਆਂ ਜਾਇਦਾਦਾਂ ਅਤੇ ਰਿਸ਼ਤੇਦਾਰਾਂ ਦਾ ਖ਼ਿਆਲ ਆ ਜਾਵੇਗਾ ਕਿ ਉਨ੍ਹਾਂ ਨੂੰ ਛੱਡਣਾ ਪੈਣਾ। ਔਖੇ ਸਮੇਂ ਸਾਥ ਦੇਣਾ ਸਦਾ ਸੰਪੂਰਨ ਵਿਸ਼ਵਾਸ ਵਾਲੀਆਂ ਦਾ ਕੰਮ ਹੁੰਦਾ ਹੈ। ਇਸ ਲਈ ਜਦੋਂ ਤੱਕ ਮਨੁੱਖ ਕਰਮ ਵੱਜੋਂ ਵਿਸ਼ਵਾਸ ਨੂੰ ਆਪਣੇ ਅੰਦਰ ਦਾਖ਼ਲ ਨਹੀਂ ਕਰਦਾ। ਕੇਵਲ ਕਥਨਾਂ ਨਾਲ ਕੁੱਝ ਨਹੀਂ ਬਣਦਾ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ'ਤੇ ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲੱਮ ਦੇ ਸੱਦਗੁਣਾਂ ਦਾ ਪ੍ਰਭਾਵ ਪਿਆ ਹੋਇਆ ਸੀ ਅਤੇ ਆਪ ਦਾ ਦਿਲ੍ਹ ਵਿਸ਼ਵਾਸ ਦੇ ਨੂਰ ਨਾਲ ਭਰਿਆ ਹੋਇਆ ਸੀ। ਇਸੇ ਲਈ ਉਹ ਬਹਾਦਰੀ ਅਤੇ ਸੰਜਮਤਾ ਵਿਖਾਈ ਕਿ ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਦੇ ਬਾਦ ਉਸ ਦੀ ਮਿਸਾਲ ਲੱਭਣਾ ਔਖਾ ਹੈ। ਉਨ੍ਹਾਂ ਦੀ ਜ਼ਿੰਦਗੀ ਇਸਲਾਮ ਦੀ ਜਿੰਦਗੀ ਸੀ। ਮੈਂ ਸੱਚ ਕਹਿੰਦਾ ਹਾਂ ਕਿ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਇਸਲਾਮ ਲਈ ਆਦਮੇ ਸਾਨੀ ਹਨ ਅਤੇ ਮੈਂ ਵਿਸ਼ਵਾਸ ਰੱਖਦਾ ਹਾਂ ਕਿ ਜੇਕਰ ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਦੇ ਬਾਦ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੀ ਹਸਤੀ ਨ ਹੁੰਦੀ ਤਾਂ ਇਸਲਾਮ ਵੀ ਨ ਹੁੰਦਾ। ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦਾ ਬਹੁਤ ਵੱਡੀ ਮਿਹਰਬਾਨੀ ਹੈ ਕਿ ਉਨ੍ਹਾਂ ਨੇ ਇਸਲਾਮ ਨੂੰ ਦੋਹਰੇ ਜ਼ਿੰਦਾ ਕੀਤਾ। ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਨਬੁੱਵਤ ਦੀ ਸਿਫ਼ਤਾਂ ਦੇ ਸਭ ਤੋਂ ਵੱਧ ਹੱਕਦਾਰ ਸਨ ਅਤੇ ਆਪ ਸੱਲਲਾਹੋ ਅਲੈਹਿ ਵਸਲੱਮ ਦੇ ਖ਼ਲੀਫ਼ਾ ਬਣਨ ਲਈ ਸ਼ਾਨਦਾਰ ਸਨ।

ਹਜ਼ੂਰੇ ਅਨਵਰ ਨੇ ਅੰਤ'ਚ ਫ਼ਰਮਾਇਆ ਕਿ ਇਹ ਸਨ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ। ਜਿਨ੍ਹਾਂ ਨੇ ਰੱਬ ਅਤੇ ਉਸ ਦੇ ਰਸੂਲ ਸੱਲਲਾਹੋ ਅਲੈਹਿ ਵਸਲੱਮ ਦੇ ਪ੍ਰੇਮ'ਚ ਆਪਣੇ ਆਪ ਨੂੰ ਲੀਨ ਕਰ'ਤਾ ਸੀ। ਬਦਰੀ ਸਹਾਬਾ ਦੇ ਜ਼ਿਕਰ'ਚ ਇਹ ਅੰਤਿਮ ਜ਼ਿਕਰ ਸੀ। ਜੋ ਹੁਣ ਖ਼ਤਮ ਹੋਇਆ। ਰੱਬ ਸਾਨੂੰ ਇਨ੍ਹਾਂ ਸਹਾਬਾ ਰਿਜ਼ਵਾਨੁ ਅਲਾੱਹ ਅਲੈਹਿਮ ਦੇ ਨਕਸ਼ੇ ਕਦਮ'ਤੇ ਚਲਣ ਦੀ ਦਾਦ ਬਖ਼ਸ਼ੇ ਅਤੇ ਜੋ ਪੱਧਰ ਉਨ੍ਹਾਂ ਨੇ ਕਾਯਮ ਕੀਤੇ। ਅਸੀਂ ਵੀ ਉਨ੍ਹਾਂ ਪੱਧਰਾਂ ਨੂੰ ਕਾਯਮ ਕਰਨ ਦੀ ਕੋਸ਼ਿਸ਼ ਕਰਨ ਵਾਲੇ ਹੋਣ।

اَلْحَمْدُ لِلّٰهِ! اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ وَنَشْهَدُ اَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ عِبَادَ اللّٰهِ رَحِمَكُمُ اللّٰهُ اِنَّ اللّٰهَ يَأْمُرُ بِالْعَدْلِ وَالْاِحْسَانِ وَاِيْتَآءِ ذِی الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ۔